11

# ਖ਼ੁਦਾ ਦੀਆਂ ਬੁਲਾਹਟਾਂ

ਮਨੁੱਖ ਨਾਲ ਖ਼ੁਦਾ ਦੇ ਵਿਹਾਰ ਦਾ ਇਤਿਹਾਸ ਮਨੁੱਖਾਂ ਨੂੰ ਖ਼ੁਦਾ ਦੀਆਂ ਬੁਲਾਹਟਾਂ ਦਾ ਇਤਿਹਾਸ ਹੈ। ਖ਼ੁਦਾ ਮਨੁੱਖ ਜਾਤੀ ਨਾਲ ਪਿਆਰ ਕਰਦਾ ਹੈ। ਇਸੇ ਪਿਆਰ ਨੇ ਆਪਣੇ ਲੋਕਾਂ ਨੂੰ ਲੱਭ ਕੇ ਆਪਣੇ ਲਈ ਬੁਲਾਉਣ ਨੂੰ ਮਜਬੂਰ ਕੀਤਾ।

## ਅਤੀਤ ਵਿਚ ਉਹਦੀਆਂ ਬੁਲਾਹਟਾਂ

ਨੂਹ ਨੂੰ ਜਲ ਪਰਲੋ ਤੋਂ ਪਹਿਲਾਂ ਪਰਲੋ ਦੇ ਪਾਣੀ ਨਾਲ ਧੋਤੀ ਅਤੇ ਸ਼ੁੱਧ ਕੀਤੀ ਗਈ ਧਰਤੀ ’ਤੇ ਰਹਿਣ ਲਈ ਬੁਲਾਇਆ ਗਿਆ ਸੀ (ਉਤਪਤ 6)। ਖ਼ੁਦਾ ਨੇ ਉਹਨੂੰ ਹਦਾਇਤਾਂ ਦਿੱਤੀਆਂ ਸਨ ਅਤੇ ਉਹਨੇ ‘‘ਖ਼ੁਦਾ ਦੇ ਹੁਕਮ ਮੁਤਾਬਕ’’ ਕੀਤਾ (ਆਇਤ 22)। ਖ਼ੁਦਾ ਜਦ ਸੱਦਦਾ ਹੈ ਤਾਂ ਬਰਕਤ ਲਈ ਮਨੁੱਖ ਨੂੰ ਉਹਦੀ ਗੱਲ ਮੰਨ ਲੈਣੀ ਜ਼ਰੂਰੀ ਹੁੰਦੀ ਹੈ।

ਅਬਰਾਮ ਨੂੰ ਆਪਣਾ ਦੇਸ਼ ਛੱਡਣ ਲਈ ਕਿਹਾ ਗਿਆ ਸੀ (ਉਤਪਤ 12:1-4)। ਉਹ ਮੂਰਤੀਪੂਜਕਾਂ ਵਿਚ ਰਹਿੰਦਾ ਸੀ। ਖ਼ੁਦਾ ਨੇ ਉਨ੍ਹਾਂ ਵਿੱਚੋਂ ਨਿੱਕਲਣ ਨੂੰ ਕਿਹਾ ਅਤੇ ‘‘ਉਸ ਦੇਸ਼ ਨੂੰ ... ਜੋ ਮੈਂ ਤੈਨੂੰ ਵਿਖਾਵਾਂਗਾ’’ ਦੇਣ ਦਾ ਵਾਅਦਾ ਕੀਤਾ। ਉਹਨੂੰ ਹੋਰ ਵੀ ਸ਼ਾਨਦਾਰ ਬਰਕਤਾਂ ਦੇਣ ਦਾ ਵਾਅਦਾ ਕੀਤਾ ਗਿਆ ਕਿਉਂਕਿ ਅਬਰਾਮ ਨੇ ਖ਼ੁਦਾ ਦੀ ਬੁਲਾਹਟ ਨੂੰ ਮੰਨਿਆ ਸੀ। ਧਰਤੀ ਦੇ ਘਰਾਣਿਆਂ ਨੂੰ ਅਖ਼ੀਰ ਉਹਦੇ ਰਾਹੀਂ ਬਰਕਤਾਂ ਮਿਲਣੀਆਂ ਸਨ। ਅਬਰਾਮ ਦੀ ਆਗਿਆਕਾਰਤਾ ਵਿਚ ਸਾਨੂੰ ਇਕ ਬਲੀ ਕੌਮ ਦੀ ਸ਼ੁਰੂਆਤ ਦਾ ਪਤਾ ਲਗਦਾ ਹੈ।

ਖ਼ੁਦਾ ਨੇ ਇਸਰਾਏਲੀਆਂ ਨੂੰ ਮਿਸਰ ਵਿੱਚੋਂ ਬੁਲਾਇਆ ਸੀ। ਉਨ੍ਹਾਂ ਨੂੰ ਲਿਆਉਣ ਲਈ ਮੂਸਾ ਨੂੰ ਭੇਜਿਆ ਗਿਆ ਸੀ (ਕੂਚ 3:10)। ਜ਼ਬਰਦਸਤ ਬਰਕਤਾਂ ਦੇਣ ਦਾ ਵਾਅਦਾ ਕੀਤਾ ਗਿਆ ਸੀ, ਪਰ ਉਹ ਬਰਕਤਾਂ ਤਾਂ ਹੀ ਮਿਲਣੀਆਂ ਸਨ ਜੇ ਲੋਕ ਮੂਸਾ ਦੀ ਅਗਵਾਈ ਨੂੰ ਮੰਨ ਕੇ ਖ਼ੁਦਾ ਦੀ ਬੁਲਾਹਟ ਨੂੰ ਕਬੂਲ ਕਰਦੇ। ਉਨ੍ਹਾਂ ਲਈ ਆਪਣੇ ਆਪ ਨੂੰ ਮਿਸਰ ਦੀ ਮੂਰਤੀਪੂਜਾ ਤੋਂ ਵੱਖ ਕਰਨਾ ਜ਼ਰੂਰੀ ਸੀ। ਉਨ੍ਹਾਂ ਵਿੱਚੋਂ ਲੋਕ ਸੀਨਈ ਪਹਾੜ ਹੇਠਾਂ ਮੂਰਤੀਪੂਜਾ ਕਰਨ ਕਰਕੇ ਮਰ ਗਏ ਸਨ (ਕੂਚ 32)।

ਕਾਫ਼ੀ ਸਮੇਂ ਬਾਅਦ, ਖ਼ੁਦਾ ਨੇ ਇਸਰਾਏਲੀਆਂ ਨੂੰ ਬਾਬੁਲ ਦੀ ਗ਼ੁਲਾਮੀ ’ਚੋਂ ਬੁਲਾਇਆ। ਸੱਤਰ ਸਾਲਾਂ ਬਾਅਦ ਖ਼ੁਦਾ ਨੇ ਹਾਰੇ ਹੋਏ ਇਸਰਾਏਲੀਆਂ ਨੂੰ ਕਨਾਨ ਦੇਸ਼ ਵਿਚ ਪਰਤਣ ਦੀ ਆਗਿਆ ਦਿੱਤੀ ਸੀ (ਯਿਰਮਿਯਾਹ 29:10)। ਕੋਰਸ ਨੇ ਉਨ੍ਹਾਂ ਨੂੰ ਵਾਪਸ ਪਰਤ ਕੇ ਪਵਿੱਤਰ ਸ਼ਹਿਰ ਨੂੰ ਨਵੇਂ ਸਿਰਿਓਂ ਬਣਾਉਣ ਦਾ ਫ਼ਰਮਾਨ ਜਾਰੀ ਕੀਤਾ (2 ਇਤਿਹਾਸ 36:22, 23) ਜ਼ਰੂਬਾਬੇਲ, ਅਜ਼ਰਾ ਅਤੇ ਨਹਮਯਾਹ ਦੀ ਅਗਵਾਈ ਵਿਚ ਬਹੁਤੇ ਇਸਰਾਏਲੀਆਂ ਨੇ ਆਪਣੇ

ਦੇਸ਼ ਪਰਤ ਕੇ ਸ਼ਹਿਰਪਨਾਹ ਨੂੰ ਦੁਬਾਰਾ ਖੜਾ ਕੀਤਾ ਅਤੇ ਹੈਕਲ ਨੂੰ ਫੇਰ ਬਣਾਇਆ।

## ਅੱਜ ਉਹਦੀਆਂ ਬੁਲਾਹਟਾਂ

ਖ਼ੁਦਾ ਅੱਜ ਸਾਨੂੰ ਬੁਲਾਉਂਦਾ ਹੈ। ਉਹਦੀ ਬੁਲਾਹਟ ਦਾ ਅਰਥ ਸਾਨੂੰ ਹਨੇਰੇ ਤੋਂ ਰੌਸ਼ਨੀ ਭਾਵ ਰੂਹਾਨੀ ਰਾਜ ਵਿਚ ਸੱਦਿਆ ਜਾਂਦਾ ਹੈ।

ਸਾਨੂੰ ਖ਼ੁਸ਼ਖ਼ਬਰੀ ਦੇ ਰਾਹੀਂ ਸੱਦਿਆ ਜਾਂਦਾ ਹੈ (2 ਥੱਸਲੁਨੀਕੀਆਂ 2:14)। ਇਹ ਕੋਈ ਚਮਤਕਾਰੀ ਜਾਂ ਗੁਪਤ ਬੁਲਾਹਟ ਨਹੀਂ ਹੈ। ਸਗੋਂ ਇਹ ਬੁਲਾਹਟ ਖ਼ੁਦਾ ਦੇ ਵਚਨ ਰਾਹੀਂ ਕੀਤੀ ਜਾਂਦੀ ਹੈ। ਸਾਨੂੰ ਕਿਸੇ ਵਿੱਚੋਂ ਕਿਸੇ ਵਿਚ ਸੱਦਿਆ ਜਾਦਾ ਹੈ:

> ਪਰ ਤੁਸੀਂ ਚੁਣਿਆ ਹੋਇਆ ਵੰਸ, ਯਾਜਕਾਂ ਦੀ ਸ਼ਾਹੀ ਮੰਡਲੀ, ਪਵਿੱਤਰ ਕੌਮ, ਪ੍ਰਮੇਸ਼ਵਰ ਦੀ ਖਾਸ ਪਰਜਾ ਹੋ ਭਈ ਤੁਸੀਂ ਉਹ ਦਿਆਂ ਗੁਣਾਂ ਦਾ ਪ੍ਰਚਾਰ ਕਰੋ ਜਿਹ ਨੇ ਤੁਹਾਨੂੰ ਅਨ੍ਹੇਰੇ ਤੋਂ ਆਪਣੇ ਅਚਰਜ ਚਾਨਣ ਵਿਚ ਸੱਦ ਲਿਆ (1 ਪਤਰਸ 2:9)।

> ਜੇ ਤੁਸੀਂ ਪ੍ਰਮੇਸ਼ਵਰ ਦੇ ਜੋਗ ਚਾਲ ਚੱਲੋ ਜਿਹੜਾ ਤੁਹਾਨੂੰ ਆਪਣੇ ਰਾਜ ਅਤੇ ਤੇਜ ਵਿਚ ਸੱਦਦਾ ਹੈ (1 ਥੱਸਲੁਨੀਕੀਆਂ 2:12)।

ਹੋਰ ਆਇਤਾਂ ਵੀ ਇਸ ਬੁਲਾਹਟ ਦਾ ਬਿਆਨ ਕਰਦੀਆਂ ਹਨ। ਰਸੂਲਾਂ ਦੇ ਕੰਮ 2:39 ਦੱਸਦਾ ਹੈ ਕਿ ਇਹ ਖ਼ੁਦਾ ਦੀ ਬੁਲਾਹਟ ਹੈ। ਸਾਨੂੰ ਸੰਤ ਭਾਵ ਪਵਿੱਤਰ ਲੋਕ ਬਣਨ ਲਈ ਬੁਲਾਇਆ ਗਿਆ ਹੈ (1 ਕੁਰਿੰਥੀਆਂ 1:2)। ਇਹ ਸਵਰਗੀ ਬੁਲਾਹਟ ਹੈ (ਇਬਰਾਨੀਆਂ 3:1)।

ਨਵੇਂ ਨੇਮ ਵਿਚ ਇਕ ਸ਼ਬਦ ਹੈ ਜਿਸ ਦਾ ਮੂਲ ਅਰਥ ਹੈ ''ਸੱਦੇ ਹੋਏ।'' ਉਹ ਸ਼ਬਦ *ਚਰਚ* ਭਾਵ ਕਲੀਸੀਆ ਹੈ। ਮੂਲ ਯੂਨਾਨੀ ਵਿਚ *ਇਕਲੇਸੀਆ* ਹੈ। ਇਹ ਦੋ ਸ਼ਬਦਾਂ *ਇਕ* ਜਿਹਦਾ ਅਰਥ ''ਬਾਹਰ'' ਹੈ ਅਤੇ *ਕੇਲਿਓ* ਜਿਸ ਦਾ ਅਰਥ ''ਬੁਲਾਉਣਾ'' ਹੈ, ਦਾ ਮੇਲ ਹੈ। ''ਕਲੀਸੀਆ'' ਸ਼ਬਦ ਦਾ ਮੂਲ ਅਰਥ ਹੈ ''ਸੱਦੇ ਹੋਏ ਲੋਕ।'' ਜਦ ਅਸੀਂ ਪ੍ਰਭੂ ਦੀ ਕਲੀਸੀਆ ਆਖਦੇ ਹਾਂ ਤਾਂ ਸਾਡੇ ਕਹਿਣ ਤੋਂ ਭਾਵ ''ਸੱਦੇ ਹੋਏ ਉਹ ਲੋਕ ਜਿਨ੍ਹਾਂ ਦਾ ਸਬੰਧ ਪ੍ਰਭੂ ਨਾਲ ਹੈ'' ਹੁੰਦਾ ਹੈ। ਇਸ ਨਾਲ ਇਹ ਸਵਾਲ ਨਹੀਂ ਰਹਿਣਾ ਚਾਹੀਦਾ ਕਿ ਪ੍ਰਭੂ ਦੀ ਕਲੀਸੀਆ ਦਾ ਮੈਂਬਰ ਹੋਣਾ ਜ਼ਰੂਰੀ ਹੈ ਜਾਂ ਨਹੀਂ। ਭਲਾ ਬੁਲਾਇਆ ਜਾਣਾ ਜ਼ਰੂਰੀ ਹੈ? ਬੇਸ਼ੱਕ! ਜੇ ਕਿਸੇ ਨੂੰ ਹਨ੍ਹੇਰੇ ਤੋਂ ਰੌਸ਼ਨੀ ਵਿਚ ਸੱਦਿਆ ਗਿਆ ਹੈ ਤਾਂ ਉਹ ... ਸੱਦੇ ਹੋਏ ਲੋਕਾਂ ਭਾਵ ਕਲੀਸੀਆ ਦਾ ਹਿੱਸਾ ਹੈ।

2 ਪਤਰਸ 1:5-11 ਵਿਚ ਸਾਨੂੰ ''ਆਪਣੇ ਸੱਦੇ ਹੋਣ, ਚੁਣ ਲਏ ਜਾਣ'' ਦੇ ਢੰਗ ਦਾ ਪਤਾ ਲਗਦਾ ਹੈ। ਉਸ ਭਾਗ ਵਿਚ ਪਤਰਸ ਨੇ ਕੁਝ ਵਿਸ਼ੇਸ਼ ਮਸੀਹੀ ਕਿਰਪਾ ਭਾਵ ਨਿਹਚਾ, ਨੇਕੀ, ਗਿਆਨ, ਸੰਜਮ, ਧੀਰਜ, ਭਗਤੀ ਅਤੇ ਭਰੱਪਣ ਦਾ ਪ੍ਰੇਮ ਵਿਸਤਾਰ 'ਚ ਦੱਸਿਆ ਹੈ। ਉਹਨੇ ਕਿਹਾ ਕਿ ''ਜੇ ਅਜਿਹਾ ਕਰੋਗੇ ਤਾਂ ਕਦੀ ਵੀ ਠੋਕਰ ਨਾ ਖਾਓਗੇ'' (2 ਪਤਰਸ 1:10)। ਹਾਂ, ਇਕ ਮਸੀਹੀ ਲਈ ਕਿਰਪਾ ਤੋਂ ਡਿੱਗਣਾ ਮੁਮਕਿਨ ਹੈ। ਸਾਨੂੰ ਆਪਣੇ ਬੁਲਾਏ ਜਾਣ ਨੂੰ ਯਕੀਨੀ ਅਤੇ ਪੱਕਾ ਕਰਨ ਲਈ ਕੋਸ਼ਿਸ਼ ਕਰਨੀ ਜ਼ਰੂਰੀ ਹੈ।

# ਤਿੰਨ ਰਾਜ

***ਕੁਦਰਤ ਦਾ ਰਾਜ।*** ਇਹ ਭੌਤਿਕ ਸੰਸਾਰ ਜਿਸ ਵਿਚ ਅਸੀਂ ਰਹਿੰਦੇ ਹਾਂ ਸਰੀਰਕ ਦੇਹ ਭਾਵ ਸੁਭਾਵਕ ਮਨੁੱਖ ਦਾ ਅਤੇ ਮਨੁੱਖ ਦਾ ਰਾਜ ਹੈ। ਬੇਸ਼ੱਕ, ਇਸ ਸੰਸਾਰ ਦਾ ਹਾਕਮ ਤਾਂ ਖ਼ੁਦਾ ਹੀ ਹੈ। ਧਰਤੀ ਦੇ ਸਭ ਲੋਕ ਸ਼ਹਿਰੀ ਹਨ। ਇਹ ਸੰਸਾਰ ਕੁਦਰਤ ਦੇ ਨਿਯਮਾਂ ਨਾਲ ਹੀ ਚੱਲਦਾ ਹੈ। ਕੁਦਰਤ ਦੇ ਇਹ ਸਭ ਨਿਯਮ ਖ਼ੁਦਾ ਦੇ ਹੀ ਦਿੱਤੇ ਹੋਏ ਹਨ। ਇਹ ਬਿਲਕੁਲ ਦਰੁਸਤ ਅਤੇ ਸਹੀ ਹਨ ਅਤੇ ਉਨ੍ਹਾਂ 'ਤੇ ਅਸੀਂ ਨਿਰਭਰ ਰਹਿ ਸਕਦੇ ਹਾਂ। ਉਹ ਖ਼ੁਦਾ ਦੇ ਹੋਣ ਦੇ ਸਭ ਤੋਂ ਵੱਡੇ ਸਬੂਤ ਹਨ।

***ਕਿਰਪਾ ਦਾ ਰਾਜ।*** ਕਿਰਪਾ ਜਾਂ ਫ਼ਜ਼ਲ ਦੇ ਰਾਜ ਨੂੰ ''ਖ਼ੁਦਾ ਦਾ ਰਾਜ,''ਜਾਂ ਬਾਦਸ਼ਾਹਤ ''ਮਸੀਹ ਦਾ ਰਾਜ'' ਅਤੇ ''ਸਵਰਗ ਦਾ ਰਾਜ'' ਕਿਹਾ ਜਾਂਦਾ ਹੈ। ਇਹ ਰਾਜ ਕਲੀਸੀਆ ਹੀ ਹੈ ਜੋ ਖ਼ੁਦਾ ਦੇ ਪਿਆਰੇ ਪੁੱਤਰ ਦੇ ਰਾਜ ਵਿਚ ਆਉਣ ਵਾਲੇ ਲੋਕਾਂ ਨਾਲ ਬਣਦੀ ਹੈ (ਕੁਲੁੱਸੀਆਂ 1:13)। ਮਸੀਹ ਸਾਡਾ ਹਾਕਮ ਹੈ ਭਾਵ ਉਹ ਰਾਜਾ ਹੈ (ਮੱਤੀ 28:18; ਅਫ਼ਸੀਆਂ 1:22, 23)। ਉਹਦੀ ਹਕੂਮਤ ਰੂਹਾਨੀ ਰਾਜ ਹੈ। ਇਹਦਾ ਕਾਨੂੰਨ ਉਹੀ ਨਵਾਂ ਨੇਮ ਹੈ ਜੋ ਪਵਿੱਤਰ ਆਤਮਾ ਵੱਲੋਂ ਦਿੱਤਾ ਗਿਆ ਸੀ।

***ਜਲਾਲੀ ਰਾਜ।*** ਤੀਜਾ ਰਾਜ ਜਲਾਲ ਪਾਏ ਹੋਏ ਲੋਕਾਂ ਦਾ ਹੈ ਅਤੇ ਉਨ੍ਹਾਂ ਲਈ ਹੈ। ਵਫ਼ਾਦਾਰ ਰਹਿਣ ਵਾਲਿਆਂ ਨੂੰ ਇਸ ਰਾਜ ਵਿਚ ਦਾਖ਼ਲਾ ਦੇਣ ਦਾ ਵਾਅਦਾ ਦਿੱਤਾ ਗਿਆ ਹੈ (2 ਪਤਰਸ 1:11)। ਇਹ ਰਾਜ ਸਵਰਗ ਹੀ ਹੈ। ਇੱਥੇ ਹਕੂਮਤ ਖ਼ੁਦਾ ਦੀ ਹੈ ਅਤੇ ਉਹ ਛੁਟਕਾਰਾ ਪਾਏ ਹੋਇਆਂ 'ਤੇ ਹਮੇਸ਼ਾ ਤਕ ਰਾਜ ਕਰੇਗਾ।